# ਵਿਕਾਸ ਸਬੰਧੀ ਉਦੇਸ਼ ਅਤੇ ਖੋਜਾਂ

| | |
|---|---|
| ਭਾਵਨਾਵਾਂ ਨਿਯੰਤ੍ਰਿਤ ਕਰਦਾ ਹੈ | ਤੁਹਾਡਾ ਬੱਚਾ ਤੀਬਰ ਭਾਵਨਾਵਾਂ ਨੂੰ ਕਿਵੇਂ ਨਿਯੰਤ੍ਰਿਤ ਕਰਦਾ ਹੈ? ਕੀ ਤੁਹਾਡਾ ਬੱਚਾ ਆਪਣੀਆਂ ਲੋੜਾਂ ਪੂਰੀਆਂ ਹੋਣ ਦੀ ਉਡੀਕ ਕਰ ਸਕਦਾ ਹੈ? ਉਦਾਹਰਨ ਲਈ, ਕੀ ਤੁਹਾਡਾ ਬੱਚਾ ਆਪਣੇ ਹੱਥ ਧੋਣ ਲਈ ਸਿੰਕ ਤੇ ਆਪਣੀ ਵਾਰੀ ਦੀ ਉਡੀਕ ਕਰ ਸਕਦਾ ਹੈ ? ਕੀ ਉਸ ਕੋਲ ਨਿਰਾਸ਼ਾ ਨੂੰ ਨਿਯੰਤ੍ਰਿਤ ਕਰਨ ਦੀਆਂ ਕਾਰਜਨੀਤੀਆਂ ਹੁੰਦੀਆਂ ਹਨ, ਜਿਵੇਂ ਕੋਈ ਵੱਖਰੀ ਗਤੀਵਿਧੀ ਚੁਣਨਾ, ਜੇਕਰ ਉਸਦੀ ਮਨਪਸੰਦ ਗੇਮ ਉਪਲਬਧ ਨਾ ਹੋਵੇ? |
| ਸੀਮਾਵਾਂ ਅਤੇ ਉਮੀਦਾਂ ਦੀ ਪਾਲਣਾ ਕਰਦਾ ਹੈ | ਕੀ ਤੁਹਾਡਾ ਬੱਚਾ ਪਰਿਵਾਰਕ ਸਦੱਸ ਤੋਂ ਦੁਬਾਰਾ ਨਿਰਦੇਸ਼ਾਂ ਨੂੰ ਸਵੀਕਾਰ ਕਰ ਸਕਦਾ ਹੈ? ਉਦਾਹਰਨ ਲਈ, ਜੇਕਰ ਉਹ ਟੂਟੀ ਖੁੱਲ੍ਹੀ ਛੱਡ ਦਿੰਦਾ ਹੈ, ਤਾਂ ਕੀ ਯਾਦ ਕਰਵਾਉਣ ਤੇ ਇਸਨੂੰ ਬੰਦ ਕਰ ਦੇਵੇਗਾ? ਕੀ ਤੁਹਾਡਾ ਬੱਚਾ ਰੋਜ਼ਾਨਾ ਦੇ ਨਿੱਤਨੇਮ ਵਿੱਚ ਅਗਲੇ ਕਦਮ ਦਾ ਅਨੁਮਾਨ ਲਗਾਉਂਦਾ ਹੈ? ਉਦਾਹਰਨ ਲਈ, ਕੀ ਤੁਹਾਡਾ ਬੱਚਾ ਬਿਨਾਂ ਯਾਦ ਕਰਵਾਏ, ਰਾਤ ਨੂੰ ਸੌਣ ਤੋਂ ਪਹਿਲਾਂ ਦੰਦਾਂ ਨੂੰ ਬੁਰਸ਼ ਕਰਦਾ ਹੈ? |
| ਆਪਣੀਆਂ ਖੁਦ ਦੀਆਂ ਲੋੜਾਂ ਦਾ ਢੁੱਕਵੇਂ ਤੌਰ ਤੇ ਧਿਆਨ ਰੱਖਦਾ ਹੈ | ਕੀ ਤੁਹਾਡਾ ਬੱਚਾ ਆਪਣੀਆਂ ਖੁਦ ਦੀਆਂ ਲੋੜਾਂ ਵਿੱਚੋਂ ਕੁਝ ਨੂੰ ਪੂਰਾ ਕਰਦਾ ਹੈ? ਉਦਾਹਰਨ ਲਈ, ਜਦੋਂ ਉਹ ਘਰ ਪਹੁੰਚਦਾ ਹੈ, ਤਾਂ ਕੀ ਉਹ ਆਪਣਾ ਕੋਟ ਉਤਾਰ ਕੇ ਇਸਨੂੰ ਹੁੱਕ ਤੇ ਟੰਗਦਾ ਹੈ ਜਾਂ ਉਹ ਆਪਣੀ ਸ਼ੈਲਫ ਵਿੱਚੋਂ ਖਿਡੌਣਾ ਜਾਂ ਗੇਮ ਚੁਣੇਗਾ? |
| ਸਾਥੀਆਂ ਨਾਲ ਘੁਲਦਾ-ਮਿਲਦਾ ਹੈ | ਕੀ ਤੁਹਾਡਾ ਬੱਚਾ ਹੋਰ ਬੱਚਿਆਂ ਨਾਲ ਖੇਡਣ ਵਾਸਤੇ ਉਹਨਾਂ ਨੂੰ ਪੁੱਛਣ ਦੀ ਪਹਿਲ ਕਰਦਾ ਹੈ? ਹੋਰ ਬੱਚਿਆਂ ਨੂੰ ਕੁਝ ਕਰਦੇ ਵੇਖ ਕੇ ਉਹ ਉਹਨਾਂ ਨਾਲ ਜੁੜਨ ਲਈ ਕਿਵੇਂ ਪੁੱਛਦਾ ਹੈ? ਉਦਾਹਰਨ ਲਈ, ਜੇਕਰ ਉਹ ਦੋ ਬੱਚਿਆਂ ਨੂੰ ਦੇਖਦਾ ਹੈ, ਜੋ ਖੇਡ ਦੇ ਮੈਦਾਨ ਵਿੱਚ ਗੇਂਦ ਨਾਲ ਖੇਡ ਰਹੇ ਹਨ, ਤਾਂ ਉਹ (ਤੁਹਾਡੀ ਮਦਦ ਨਾਲ) ਉਹਨਾਂ ਨੂੰ ਪੁੱਛਦਾ ਹੈ ਕਿ ਕੀ ਉਹ ਵੀ, ਉਹਨਾਂ ਨਾਲ ਖੇਡ ਸਕਦਾ ਹੈ। |
| ਖੁਦ ਦੀਆਂ ਅਤੇ ਦੂਜਿਆਂ ਦੀਆਂ ਲੋੜਾਂ ਅਤੇ ਹੱਕਾਂ ਵਿੱਚ ਸੰਤੁਲਨ ਬਿਠਾਉਂਦਾ ਹੈ | ਹੋਰ ਬੱਚਿਆਂ ਨਾਲ ਖੇਡਦੇ ਸਮੇਂ ਤੁਹਾਡਾ ਬੱਚਾ ਕਿੰਨੀ ਕੁ ਵਾਰ ਖਿਡੌਣੇ, ਮਾਰਕਰ ਜਾਂ ਹੋਰ ਸਮੱਗਰੀਆਂ ਸਾਂਝਾ ਕਰਨ ਦੀ ਪੇਸ਼ਕਸ਼ ਕਰਦਾ ਹੈ? ਉਦਾਹਰਨ ਲਈ, ਆਪਣੀ ਭੈਣ ਦੇ ਨਾਲ ਬੈਠ ਕੇ ਡ੍ਰਾਇੰਗ ਕਰਦੇ ਸਮੇਂ, ਕਦੇ-ਕਦਾਈਂ ਉਹ ਆਪਣੇ ਮਾਰਕਰ ਸਾਂਝੇ ਕਰਦਾ ਹੈ ਅਤੇ ਜਦੋਂ ਉਸਦੀ ਭੈਣ ਖ਼ਤਮ ਕਰ ਲੈਂਦੀ ਹੈ ਤਾਂ ਦੁਬਾਰਾ ਉਸਤੋਂ ਮੰਗਦਾ ਹੈ। |
| ਸਮਾਜਿਕ ਸਮੱਸਿਆਵਾਂ ਹੱਲ ਕਰਦਾ ਹੈ | ਜਦੋਂ ਤੁਹਾਡੇ ਬੱਚੇ ਦਾ ਕੋਈ ਦੋਸਤ ਜਾਂ ਭੈਣ-ਭਰਾ ਕਿਸੇ ਸਮੱਸਿਆ ਦਾ ਸਾਮ੍ਹਣਾ ਕਰਦੇ ਹਨ ਤਾਂ ਉਹ ਕਿਵੇਂ ਹੱਲ ਸੁਝਾਉਣਾ ਸ਼ੁਰੂ ਕਰਦਾ ਹੈ? ਉਦਾਹਰਨ ਲਈ, ਜਦੋਂ ਉਹ ਅਤੇ ਅਤੇ ਉਸਦਾ ਦੋਸਤ, ਤੁਹਾਡੇ ਕੋਲ ਮੌਜੂਦ ਇੱਕੋ ਸਕੂਟਰ ਤੇ ਬੈਠਣਾ ਚਾਹੁੰਦੇ ਹਨ, ਤਾਂ ਉਹ ਸੁਝਾਅ ਦਿੰਦਾ ਹੈ, "ਮੈਂ ਇੱਕ ਵਾਰ ਆਲੇ-ਦੁਆਲੇ ਚੱਕਰ ਕੱਟ ਲਵਾਂਗਾ, ਤਾਂ ਫੇਰ ਤੁਸੀਂ ਕੱਟ ਲੈਣਾ।" |
| ਯਾਤਰਾ ਸਬੰਧੀ ਕੁਸ਼ਲਤਾਵਾਂ ਦਰਸਾਉਂਦਾ ਹੈ | ਤੁਹਾਡਾ ਬੱਚਾ ਆਸਪਾਸ ਘੁੰਮਦੇ ਸਮੇਂ ਆਪਣੇ ਸਰੀਰ ਨੂੰ ਕਿੰਨੀ ਚੰਗੀ ਤਰ੍ਹਾਂ ਨਿਯੰਤ੍ਰਿਤ ਕਰਦਾ ਹੈ? ਉਦਾਹਰਨ ਲਈ, ਉਹ ਆਪਣੇ ਪੈਰ ਬਦਲਦੇ ਹੋਏ ਪੌੜੀਆਂ ਚੜ੍ਹ ਅਤੇ ਉੱਤਰ ਸਕਦਾ ਹੈ, ਖੇਡ ਦੇ ਉਪਕਰਨ ਤੇ ਚੜ੍ਹ ਅਤੇ ਉੱਤਰ ਸਕਦਾ ਹੈ, ਜਾਂ ਕਿਸੇ ਅਜਿਹੀ ਚੀਜ਼ ਤੇ ਉੱਛਲ-ਕੁੱਦ ਕਰ ਸਕਦਾ ਹੈ, ਜੋ ਉਸਦਾ ਰਸਤਾ ਰੋਕਦੀ ਹੋਵੇ। |
| ਸੰਤੁਲਨ ਸਬੰਧੀ ਕੁਸ਼ਲਤਾਵਾਂ ਦਰਸਾਉਂਦਾ ਹੈ | ਤੁਹਾਡਾ ਬੱਚਾ ਤੁਰਦੇ ਜਾਂ ਖੇਡਦੇ ਸਮੇਂ ਕਿੰਨੀ ਚੰਗੀ ਤਰ੍ਹਾਂ ਸੰਤੁਲਨ ਬਿਠਾਉਂਦਾ ਹੈ? ਉਦਾਹਰਨ ਲਈ, ਉਹ ਗਲੀ ਵਿੱਚ ਤੁਰਦੇ ਸਮੇਂ ਪਗਡੰਡੀ ਤੇ ਸੰਤੁਲਨ ਬਿਠਾ ਸਕਦਾ ਹੈ ਜਾਂ ਦੋ ਪੈਰਾਂ ਨਾਲ ਉੱਤਰਦੇ ਸਮੇਂ, ਛੋਟਾ ਕਦਮ ਕੁੱਦ ਸਕਦਾ ਹੈ। |
| ਉਂਗਲੀਆਂ ਅਤੇ ਹੱਥਾਂ ਦੀ ਵਰਤੋਂ ਕਰਦਾ ਹੈ | ਤੁਹਾਡਾ ਬੱਚਾ ਆਪਣੇ ਹੱਥਾਂ, ਕਲਾਈਆਂ ਅਤੇ ਉਂਗਲੀਆਂ ਦੀ ਵਰਤੋਂ ਕਰਦੇ ਹੋਏ ਕਿਹੜੀਆਂ ਛੋਟੀਆਂ ਕਿਰਿਆਵਾਂ ਕਰ ਸਕਦਾ ਹੈ? ਉਦਾਹਰਨ ਲਈ, ਉਹ ਪਿਚਕਾਰੀ ਵਾਲੇ ਖਿਡੌਣੇ ਨਾਲ ਪਾਣੀ ਦੀ ਪਿਚਕਾਰੀ ਮਾਰ ਸਕਦਾ ਹੈ, ਕੈਂਚੀ ਨਾਲ ਕੱਟ ਸਕਦਾ ਹੈ, ਵੱਡੇ ਮੋਤੀਆਂ ਦੀ ਲੜੀ ਬਣਾ ਸਕਦਾ ਹੈ, ਦਰਵਾਜ਼ੇ ਖੋਲ੍ਹਣ ਲਈ ਮੁੱਠੇ ਨੂੰ ਘੁੰਮਾ ਸਕਦਾ ਹੈ ਜਾਂ "ਇਟਸੀ ਬਿਟਸੀ ਸਪਾਈਡਰ" ਵਰਗੇ ਗੀਤਾਂ ਤੇ ਥਿਰਕ ਸਕਦਾ ਹੈ। |

| | |
|---|---|
| 7b ਲਿਖਣ ਅਤੇ ਡ੍ਰਾਇੰਗ ਦੇ ਟੂਲ ਵਰਤ ਸਕਦਾ ਹੈ | ਕੀ ਤੁਹਾਡਾ ਬੱਚਾ ਪੈਂਸਿਲ, ਪੈਨ ਜਾਂ ਕ੍ਰੇਓਨ ਫੜ੍ਹਦਾ ਹੈ?<br>ਇਸਦਾ ਪਤਾ ਲਗਾਉਣ ਲਈ, ਤੁਸੀਂ ਆਪਣੇ ਬੱਚੇ ਨੂੰ ਲਿਖਣ ਜਾਂ ਡ੍ਰਾਇੰਗ ਕਰਨ ਦਾ ਟੂਲ ਅਤੇ ਕਾਗਜ਼ ਪ੍ਰਦਾਨ ਕਰਕੇ ਕਹਿ ਸਕਦੇ ਹੋ, "_____ ਦੀ ਤਸਵੀਰ ਬਣਾਓ।" ਜਦੋਂ ਉਹ ਪੈਂਸਿਲ ਫੜ੍ਹਦਾ ਹੈ ਤਾਂ ਉਸਦੀ ਪਕੜ ਕਿਵੇਂ ਦਿਖਾਈ ਦਿੰਦੀ ਹੈ? |
| 8a ਭਾਸ਼ਾ ਨੂੰ ਸਮਝਦਾ ਹੈ | ਕੀ ਤੁਹਾਡਾ ਬੱਚਾ ਖ਼ਾਸ ਸ਼ਬਦਾਵਲੀ ਅਤੇ ਸਧਾਰਨ ਸਟੇਟਮੈਂਟਾਂ, ਸਵਾਲਾਂ ਅਤੇ ਕਹਾਣੀਆਂ ਲਈ ਢੁੱਕਵੇਂ ਤੌਰ ਤੇ ਪ੍ਰਤੀਕਿਰਿਆ ਕਰਨ ਯੋਗ ਹੈ? ਉਦਾਹਰਨ ਲਈ, ਤੁਹਾਡਾ ਬੱਚਾ ਪੁੱਛੇ ਜਾਣ ਤੇ ਕਿਤਾਬ ਵਿੱਚ ਆਪਣੀ ਮਨਪਸੰਦ ਮਿਸਾਲ ਬਾਰੇ ਗੱਲ ਕਰ ਸਕਦਾ ਹੈ। |
| 8b ਨਿਰਦੇਸ਼ਾਂ ਦੀ ਪਾਲਣਾ ਕਰਦਾ ਹੈ | ਕੀ ਤੁਹਾਡਾ ਬੱਚਾ ਦੋ ਜਾਂ ਵੱਧ ਕਦਮਾਂ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਯੋਗ ਹੈ, ਜੋ ਜਾਣੂ ਵਸਤਾਂ ਅਤੇ ਅਨੁਭਵਾਂ ਨਾਲ ਸਬੰਧਿਤ ਹੋਣ? ਉਦਾਹਰਨ ਲਈ, ਤੁਹਾਡਾ ਬੱਚਾ ਹੱਥ ਧੋਣ ਦੇ ਜਾਣੂ ਨਿੱਤਨੇਮ ਬਾਰੇ ਯਾਦ ਕਰਵਾਏ ਜਾਣ ਤੋਂ ਬਾਅਦ, ਆਪਣੇ ਹੱਥ ਧੋ ਕੇ ਸੁਕਾਉਣ ਯੋਗ ਹੋ ਸਕਦਾ ਹੈ। |
| 9b ਸਾਫ਼-ਸਾਫ਼ ਬੋਲਦਾ ਹੈ | ਕੀ ਤੁਹਾਡਾ ਬੱਚਾ ਬੋਲਣ ਯੋਗ ਹੈ, ਤਾਂ ਜੋ ਤੁਹਾਡੇ ਘਰ ਵਿੱਚ ਸਭ ਤੋਂ ਵੱਧ ਜਾਣੂ ਲੋਕਾਂ ਨੂੰ ਅਤੇ ਅਕਸਰ ਆਉਣ ਵਾਲੇ ਲੋਕਾਂ ਨੂੰ ਉਸਦੀ ਗੱਲਬਾਤ ਸਮਝ ਆਵੇ? ਤੁਹਾਡਾ ਬੱਚਾ ਜ਼ਿਆਦਾਤਰ ਮਾਮਲਿਆਂ ਵਿੱਚ ਠੀਕ ਢੰਗ ਨਾਲ ਸ਼ਬਦਾਂ ਦੀ ਵਰਤੋਂ ਕਰਦਾ ਹੈ। ਉਦਾਹਰਨ ਲਈ, ਤੁਹਾਡਾ ਬੱਚਾ ਆਖ ਸਕਦਾ ਹੈ, "ਮੈਂ ਚੀਂਟੀਆਂ ਅਤੇ ਝੀਂਗਰ (ਗ੍ਰਾਸਹੋਪਰ) ਦੇਖਿਆ।" |
| 10a ਗੱਲਬਾਤ ਵਿੱਚ ਸ਼ਾਮਲ ਹੁੰਦਾ ਹੈ | ਤੁਹਾਡਾ ਬੱਚਾ ਘੱਟੋ-ਘੱਟ ਤਿੰਨ ਵਟਾਂਦਰਿਆਂ ਵਿੱਚ ਕਿੰਨੀ ਚੰਗੀ ਤਰ੍ਹਾਂ ਅੱਗੇ-ਪਿੱਛੇ ਗੱਲਬਾਤ ਕਰਦਾ ਹੈ? ਉਦਾਹਰਨ ਲਈ , ਉਸਦੀਆਂ ਗੱਲਾਂ ਇਸ ਤਰ੍ਹਾਂ ਹੋ ਸਕਦੀਆਂ ਹਨ: ਬੱਚਾ: ਮੈਂ ਪਾਰਕ ਵਿੱਚ ਜਾਣਾ ਚਾਹੁੰਦਾ ਹਾਂ। ਤੁਸੀਂ: "ਅਸੀਂ ਲੰਚ ਕਰਨ ਤੋਂ ਬਾਅਦ ਜਾ ਸਕਦੇ ਹਾਂ।" ਬੱਚਾ: "ਕੀ ਅਸੀਂ ਉੱਥੇ ਜਾ ਕੇ ਸਲਾਈਡ ਤੇ ਜਾ ਸਕਦੇ ਹਾਂ?" ਤੁਸੀਂ: "ਜ਼ਰੂਰ, ਜੇਕਰ ਉਹ ਵਰਖਾ ਨਾਲ ਭਿੱਜੀ ਨਾ ਹੋਵੇ।" ਬੱਚਾ: "ਸ਼ਾਇਦ ਮੈਕਸ ਵੀ ਪਾਰਕ ਵਿੱਚ ਹੋਵੇਗਾ।" ਤੁਸੀਂ: "ਮੇਰੇ ਖਿਆਲ ਵਿੱਚ ਮੈਕਸ ਆਪਣੇ ਪਰਿਵਾਰ ਨਾਲ ਬਾਹਰ ਗਿਆ ਹੋਇਆ ਹੈ। ਬੱਚਾ: "ਓਹ। ਤਾਂ ਸ਼ਾਇਦ ਜੂਲੀ ਉੱਥੇ ਹੋਵੇਗੀ।" |
| 11a ਸ਼ਾਮਲ ਹੁੰਦਾ ਹੈ ਅਤੇ ਜੁੜਦਾ ਹੈ | ਜਦੋਂ ਤੁਹਾਡਾ ਬੱਚਾ ਖੇਡ ਰਿਹਾ ਹੁੰਦਾ ਹੈ ਜਾਂ ਮਨਪਸੰਦ ਕੰਮ ਵਿੱਚ ਸ਼ਾਮਲ ਹੁੰਦਾ ਹੈ, ਤਾਂ ਕੀ ਤੁਸੀਂ ਆਪਣੇ ਬੱਚੇ ਨੂੰ ਵਿਘਨ ਪੈਣ ਤੋਂ ਬਾਅਦ ਅਸਾਨੀ ਨਾਲ ਖੇਡਣ ਲਈ ਵਾਪਸ ਆਉਂਦੇ ਦੇਖਦੇ ਹੋ? ਉਦਾਹਰਨ ਲਈ, ਜਦੋਂ ਧਿਆਨ ਭੰਗ ਕਰਨ ਵਾਲਾ ਸ਼ੋਰ ਹੋਵੇ, ਤਾਂ ਤੁਹਾਡਾ ਬੱਚਾ ਲਗਾਤਾਰ ਅੱਗੇ ਵਧਣ ਦੇ ਯੋਗ ਹੁੰਦਾ ਹੈ। ਕੀ ਤੁਹਾਡਾ ਬੱਚਾ ਕਈ ਤਰ੍ਹਾਂ ਦੇ ਚੁਣੌਤੀਪੂਰਣ ਕੰਮ ਕਰਨ ਦੀ ਯੋਜਨਾ ਬਣਾਉਣਾ ਅਤੇ ਫਿਰ ਉਸ ਉੱਤੇ ਕੰਮ ਕਰਨਾ ਸ਼ੁਰੂ ਕਰਦਾ ਹੈ? ਉਦਾਹਰਨ ਲਈ, ਤੁਹਾਡੇ ਬੱਚਾ ਕਈ ਦਿਨਾਂ ਤੋਂ ਇੱਕੋ ਖਿਡੌਣੇ ਨਾਲ ਖੇਡਣ ਦੀ ਚੋਣ ਕਰ ਰਿਹਾ ਹੈ। ਹੁਣ ਤੁਸੀਂ ਦੇਖਦੇ ਹੋ ਕਿ ਤੁਹਾਡਾ ਬੱਚਾ ਹੋਰ ਰੁਚੀਆਂ ਅਤੇ/ਜਾਂ ਵੱਧ ਮੁਸ਼ਕਲ ਕੰਮਾਂ ਦੀ ਪੜਤਾਲ ਕਰਦਾ ਹੈ। |
| 11b ਡਟਿਆ ਰਹਿੰਦਾ ਹੈ | ਤੁਹਾਡਾ ਬੱਚਾ ਅਜਿਹੀਆਂ ਗਤੀਵਿਧੀਆਂ ਬਾਰੇ ਸੋਚਣਾ ਅਤੇ ਉਹਨਾਂ ਨੂੰ ਅਜਮਾਉਣਾ ਕਿਵੇਂ ਸ਼ੁਰੂ ਕਰਦਾ ਹੈ, ਜੋ ਉਸਦੇ ਲਈ ਚੁਣੌਤੀਪੂਰਣ ਹਨ? ਉਦਾਹਰਨ ਲਈ, ਉਹ ਉਹਨਾਂ ਅੱਖਰਾਂ ਨੂੰ ਲੱਭਣ ਲਈ ਫ੍ਰਿੱਜ ਤੇ ਚਿਪਕਾਏ ਮੈਗਨੈਟਿਕ ਅੱਖਾਂ ਨੂੰ ਲੱਭਦਾ ਹੈ, ਜਿਹਨਾਂ ਵਿੱਚ ਉਸਦੇ ਨਾਮ ਦੀ ਸਪੈਲਿੰਗ ਹੈ। |
| 11c ਸਮੱਸਿਆਵਾਂ ਹੱਲ ਕਰਦਾ ਹੈ | ਜਦੋਂ ਤੁਹਾਡੇ ਬੱਚੇ ਨੂੰ ਕੋਈ ਸਮੱਸਿਆ ਹੁੰਦੀ ਹੈ, ਤਾਂ ਕੀ ਉਹ ਹੱਲ ਲੱਭਦਾ ਹੈ? ਉਦਾਹਰਨ ਲਈ, ਉਹ ਇਹ ਦੇਖਣ ਲਈ ਕਿ ਇਹ ਕੰਮ ਕਰੇਗਾ ਜਾਂ ਨਹੀਂ, ਜਾਣਬੁੱਝ ਕੇ ਅਜਿਹੀਆਂ ਚੀਜ਼ਾਂ ਚੁਣ ਕੇ ਅਸਾਨ ਪਹੇਲੀ ਨੂੰ ਪੂਰਾ ਕਰਦਾ ਹੈ, ਜੋ ਹਰ ਚੀਜ਼ ਅਜਮਾਏ ਬਿਨਾਂ ਅਨੁਕੂਲ ਹੁੰਦੀਆਂ ਹਨ। ਉਦਾਹਰਨ ਲਈ, ਪਹਿਲੀ ਵਾਰ ਕੁਝ ਬਣਾਉਣ ਦੀ ਉਸਦੀ ਯੋਜਨਾ ਕੰਮ ਨਹੀਂ ਕਰਦੀ, ਪਰੰਤੂ ਉਹ ਪਰੀਖਣ ਅਤੇ ਗਲਤੀਆਂ ਕਰ-ਕਰਕੇ ਕੇ ਹੱਲ ਲੱਭ ਲੈਂਦਾ ਹੈ। |
| 12a ਪਛਾਣਦਾ ਹੈ ਅਤੇ ਯਾਦ ਰੱਖਦਾ ਹੈ | ਕੀ ਤੁਹਾਡਾ ਬੱਚਾ "ਕੀ ਗਾਇਬ ਹੈ" ਖੇਡਦੇ ਸਮੇਂ ਇੱਕ ਜਾਂ ਦੋ ਵਸਤਾਂ ਨੂੰ ਯਾਦ ਰੱਖਣਾ ਅਤੇ ਉਹਨਾਂ ਦੇ ਨਾਮ ਦੱਸਣਾ ਸ਼ੁਰੂ ਕਰ ਰਿਹਾ ਹੈ, ਜੋ ਦੂਰ ਹਟਾਈਆਂ ਗਈਆਂ ਹੋਣ? ਅਤੇ ਕੀ ਉਹ ਹੋਰ ਵਸਤਾਂ ਨੂੰ ਯਾਦ ਰੱਖਣ ਅਤੇ ਉਹਨਾਂ ਦੇ ਨਾਮ ਦੱਸਣ ਦੇ ਯੋਗ ਹੈ? |

| | |
|---|---|
| ਵਰਗੀਕਰਨ ਕੁਸ਼ਲਤਾਵਾਂ ਵਰਤਦਾ ਹੈ | ਕੀ ਤੁਹਾਡਾ ਬੱਚਾ ਇੱਕ ਵਿਸ਼ੇਸ਼ਤਾ ਨਾਲ ਵਸਤਾਂ ਦਾ ਵਰਗੀਕਰਨ ਕਰਨ ਦੇ ਯੋਗ ਹੈ (ਜਿਵੇਂ ਅਕਾਰ, ਰੰਗ ਜਾਂ ਆਕ੍ਰਿਤੀ)? ਉਦਾਹਰਨ ਲਈ, ਤੁਹਾਡਾ ਬੱਚਾ ਸਾਰੀਆਂ ਨੀਲੀਆਂ ਵਸਤਾਂ ਨੂੰ ਇਕੱਠੇ ਰੱਖ ਸਕਦਾ ਹੈ। ਕੀ ਤੁਹਾਡਾ ਬੱਚਾ ਇੱਕ ਵਿਸ਼ੇਸ਼ਤਾ ਨਾਲ ਵਸਤਾਂ ਨੂੰ ਛਾਂਟਣ ਦੇ ਯੋਗ ਹੈ, ਜਿਵੇਂ ਅਕਾਰ ਅਤੇ ਆਕ੍ਰਿਤੀ ਜਾਂ ਅਕਾਰ ਅਤੇ ਰੰਗ? ਉਦਾਹਰਨ ਲਈ, ਤੁਹਾਡਾ ਬੱਚਾ ਸਾਰੇ ਛੋਟੇ ਅਤੇ ਵੱਡੇ ਬਟਨਾਂ ਨੂੰ ਛਾਂਟ ਸਕਦਾ ਹੈ ਅਤੇ ਫਿਰ ਛੋਟੇ ਅਤੇ ਚਿੱਟੇ ਬਟਨਾਂ ਨੂੰ ਛਾਂਟ ਸਕਦਾ ਹੈ। |
| ਸੰਕੇਤਕ ਢੰਗ ਨਾਲ ਸੋਚਦਾ ਹੈ | ਕੀ ਤੁਹਾਡਾ ਬੱਚਾ ਵਿਚਾਰਾਂ ਨੂੰ ਦਰਸਾਉਣ ਲਈ, ਯੋਜਨਾ ਬਣਾਉਣ ਅਤੇ ਫਿਰ ਡ੍ਰਾਇੰਗ, ਰਚਨਾ, ਗਤੀਵਿਧੀ ਅਤੇ ਨਾਟਕੀ ਰਚਨਾ ਸ਼ੁਰੂ ਕਰ ਰਿਹਾ ਹੈ? ਉਦਾਹਰਨ ਲਈ, ਤੁਹਾਡਾ ਬੱਚਾ ਆਖ ਸਕਦਾ ਹੈ, "ਆਓ ਮੰਨ ਲਈਏ ਕਿ ਕਿਤਾਬ ਵਿੱਚ ਬੀਜ ਉੱਗ ਰਹੇ ਹਨ।" |
| ਤੁਕਬੰਦੀ ਤੇ ਧਿਆਨ ਦਿੰਦਾ ਹੈ ਅਤੇ ਅੰਤਰ ਪਛਾਣਦਾ ਹੈ | ਕੀ ਤੁਹਾਡਾ ਬੱਚਾ ਅੱਖਰਾਂ ਦੀਆਂ ਧੁਨੀਆਂ ਅਤੇ ਤੁਕਬੰਦੀ ਦੀਆਂ ਧੁਨੀਆਂ ਨੂੰ ਪਛਾਣਨਾ ਸ਼ੁਰੂ ਕਰ ਰਿਹਾ ਹੈ, ਕਦੇ-ਕਦਾਈਂ ਕਾਲਪਨਿਕ ਸ਼ਬਦਾਂ ਨਾਲ, ਜਿਵੇਂ "ਸੈਟ" ਦੀ "ਮੈਟ, ਲੈਟ, ਗਨੈਟ, ਗੈਟ" ਨਾਲ ਤੁਕਬੰਦੀ ਕਰਨਾ? |
| ਬਿਲਕੁੱਲ ਛੋਟੀਆਂ ਇਕਾਈਆਂ ਤੇ ਧਿਆਨ ਦਿੰਦਾ ਹੈ ਅਤੇ ਅੰਤਰ ਪਛਾਣਦਾ ਹੈ | ਤੁਹਾਡਾ ਬੱਚਾ ਕਿੰਨੀ ਚੰਗੀ ਤਰ੍ਹਾਂ ਇਹ ਸਮਝਣਾ ਸ਼ੁਰੂ ਕਰ ਰਿਹਾ ਹੈ ਕਿ ਉਹ ਸ਼ਬਦ, ਵੱਖਰੇ ਉਚਾਰਖੰਡਾਂ ਨਾਲ ਬਣੇ ਹੋ ਸਕਦੇ ਹਨ? ਇਸਦਾ ਪਤਾ ਲਗਾਉਣ ਲਈ: ਆਖੋ, "ਆਓ ਤਾਲੀ ਵਜਾਉਣ ਦੀ ਖੇਡ ਖੇਡੀਏ। ਅਸੀਂ ਇਕੱਠੇ ਸਾਡੇ ਵਿੱਚੋਂ ਹਰੇਕ ਦੇ ਨਾਵਾਂ ਤੇ ਤਾਲੀ ਵਜਾਵਾਂਗੇ।" ਉਸਦਾ ਨਾਮ ਬੋਲਦੇ ਹੀ ਉਸ ਵਿੱਚ ਆਏ ਉਚਾਰਖੰਡਾਂ ਤੇ ਤਾਲੀ ਵਜਾਓ। ਛੇ ਨਾਵਾਂ ਨੂੰ ਅਜਮਾਓ। ਉਹ ਕਿੰਨੇ ਨਾਵਾਂ ਦੇ ਉਚਾਰਖੰਡਾਂ ਤੇ ਤਾਲੀ ਵਜਾਉਣ ਯੋਗ ਹੈ? |
| ਅੱਖਰਾਂ ਨੂੰ ਪਛਾਣਦਾ ਅਤੇ ਉਹਨਾਂ ਦੇ ਨਾਮ ਦੱਸਦਾ ਹੈ | ਕੀ ਤੁਹਾਡਾ ਬੱਚਾ ਆਪਣੇ ਖੁਦ ਦੇ ਨਾਮ ਦੇ ਕੁਝ ਅੱਖਰਾਂ ਨੂੰ ਪਛਾਣ ਦੇ ਯੋਗ ਹੈ? ਕੀ ਉਹ 10 ਤੱਕ ਅੱਖਰਾਂ ਨੂੰ ਪਛਾਣਨਾ ਸ਼ੁਰੂ ਕਰ ਰਿਹਾ ਹੈ, ਖ਼ਾਸ ਕਰਕੇ ਆਪਣੇ ਖੁਦ ਦੇ ਨਾਮ ਦੇ ਅੱਖਰ? ਕੀ ਉਹ ਹੋਰ ਅੱਖਰ ਪਛਾਣ ਸਕਦਾ ਹੈ? ਕਿੰਨੇ? |
| ਅੱਖਰ-ਧੁਨੀ ਗਿਆਨ ਵਰਤਦਾ ਹੈ | ਕੀ ਤੁਹਾਡਾ ਬੱਚਾ ਛੋਟੀਆਂ ਸ਼ਬਦ ਧੁਨੀਆਂ ਨੂੰ ਪਛਾਣਦਾ ਹੈ, ਜਿਵੇਂ ਇੱਕ ਨਾਮ "ਟ੍ਰਾਈ-ਨਾ" ਵਿੱਚ ਹਰੇਕ ਉਚਾਰਖੰਡ ਲਈ ਇੱਕ ਤਾਲੀ? |
| ਪ੍ਰਿੰਟ ਧਾਰਨਾਵਾਂ ਵਰਤਦਾ ਹੈ | ਕੀ ਤੁਹਾਡਾ ਬੱਚਾ ਸਮਝਦਾ ਹੈ ਕਿ ਉਸ ਟੈਕਸਟ ਦਾ ਕੋਈ ਅਰਥ ਹੈ? ਕੀ ਤੁਹਾਡਾ ਬੱਚਾ ਪੰਨੇ ਤੇ ਆਪਣੀ ਉਂਗਲੀ ਨੂੰ ਖੱਬੇ ਤੋਂ ਸੱਜੇ ਘੁੰਮਾਉਂਦੇ ਹੋਏ ਸ਼ਬਦਾਂ ਦਾ ਪਤਾ ਲਗਾ ਸਕਦਾ ਹੈ? |
| ਫੌਰੀ ਰੀਡਿੰਗ ਕੁਸ਼ਲਤਾਵਾਂ ਵਰਤਦਾ ਹੈ | ਕੀ ਤੁਹਾਡਾ ਬੱਚਾ ਤਸਵੀਰਾਂ ਨੂੰ ਦੇਖ ਕੇ ਪੜ੍ਹਨ ਅਤੇ ਐਕਸ਼ਨ ਕਰਨ ਦੀ ਹਿੰਮਤ ਕਰਨ ਅਤੇ ਥੋੜ੍ਹੇ ਬੋਲ ਸੁਝਾਉਣ ਦੇ ਨਾਲ, ਟੈਕਸਟ ਵਿੱਚ ਕੁਝ ਸ਼ਬਦ ਆਖਣ ਦੇ ਯੋਗ ਹੈ? |
| ਨਾਮ ਲਿਖਦਾ ਹੈ | ਕੀ ਤੁਹਾਡਾ ਬੱਚਾ ਕੁਝ ਅੱਖਰ ਸਹੀ ਢੰਗ ਨਾਲ ਅਤੇ ਕੁਝ ਬਿਨਾਂ ਕ੍ਰਮ ਵਿੱਚ ਲਿਖਣ ਦੇ ਯੋਗ ਹੈ? ਤੁਹਾਡਾ ਬੱਚਾ ਆਪਣਾ ਖੁਦ ਦਾ ਨਾਮ ਲਿਖ ਸਕਦਾ ਹੈ, ਪਰੰਤੂ ਸ਼ਾਇਦ ਉਹ ਹੋਰ ਸ਼ਬਦਾਂ ਦੀ ਸਪੈਲਿੰਗ ਗਲਤ ਲਿਖੇ। |

| | |
|---|---|
| ਗਿਣਤੀ | ਕੀ ਤੁਹਾਡਾ ਬੱਚਾ 20 ਤੱਕ ਗਿਣਤੀ ਕਰਨ ਯੋਗ ਹੈ ਅਤੇ ਕੀ ਉਹ ਇਹ ਸਮਝਣ ਲਈ ਸਹੀ ਢੰਗ ਨਾਲ 10-20 ਵਸਤਾਂ ਦੀ ਗਿਣਤੀ ਕਰਦਾ ਹੈ ਕਿ ਕਿੰਨੀਆਂ ਵਸਤਾਂ ਹਨ? ਕੀ ਤੁਹਾਡਾ ਬੱਚਾ 1 ਤੋਂ 10 ਤੱਕ ਗਿਣਤੀ ਕਰਦੇ ਸਮੇਂ ਕ੍ਰਮ ਵਿੱਚ ਇਹ ਦੱਸ ਸਕਦਾ ਹੈ ਕਿ ਅਗਲੀ ਸੰਖਿਆ ਕੀ ਹੋਵੇਗੀ? ਕੀ ਤੁਹਾਡਾ ਬੱਚਾ ਪੰਜ ਤੱਕ ਵਸਤਾਂ ਨੂੰ ਵੱਖ ਕਰਨ ਅਤੇ ਉਹਨਾਂ ਦਾ ਸੁਮੇਲ ਕਰਨਾ, ਭਾਗਾਂ ਦਾ ਵਰਣਨ ਕਰਨਾ ਅਤੇ ਤੁਰੰਤ ਪੰਜ ਤੱਕ ਵਸਤਾਂ ਪਛਾਣਨਾ ਸ਼ੁਰੂ ਕਰ ਰਿਹਾ ਹੈ। ਉਦਾਹਰਨ ਲਈ, "ਮੇਰੇ ਕੋਲ ਪੰਜ ਕਿਊਬ ਹਨ, 3 ਨੀਲੇ ਅਤੇ 2 ਲਾਲ"? ਉਦਾਹਰਨ ਲਈ, ਇਕੱਠੇ ਕਿਤਾਬ ਪੜ੍ਹਦੇ ਹੋਏ, ਤੁਹਾਡਾ ਬੱਚਾ ਵਿਸਤਾਰ ਨਾਲ ਦੱਸ ਸਕਦਾ ਹੈ, "ਇਹ 3 ਹੈ, ਅਤੇ ਇਸ ਪੰਨੇ ਤੇ 3 ਬਗਸ ਹਨ।" |
| ਮਾਤਰਾ ਨਿਰਧਾਰਤ ਕਰਦਾ ਹੈ | ਤੁਹਾਡੀ ਮਦਦ ਨਾਲ, ਤੁਹਾਡਾ ਬੱਚਾ ਕਿੰਨੀ ਚੰਗੀ ਤਰ੍ਹਾਂ 6-10 ਵਸਤਾਂ ਦੇ ਸੈੱਟ ਬਣਾ ਸਕਦਾ ਹੈ ਅਤੇ ਵੱਧ, ਘੱਟ ਜਾਂ ਬਰਾਬਰ (ਸਮਾਨ) ਵਰਗੇ ਸ਼ਬਦ ਵਰਤਦੇ ਹੋਏ ਸਮੂਹਾਂ ਬਾਰੇ ਗੱਲ ਕਰ ਸਕਦਾ ਹੈ? ਉਦਾਹਰਨ ਲਈ, ਉਹ ਫਰਸ਼ ਤੇ ਇੱਕ ਖਿਡੌਣਾ ਚੱਕਰ ਤੇ 10 ਬੌਲਡ-ਅਪ ਸੌਕਸ ਨੂੰ *ਟੌਸ* ਕਰਦਾ ਹੈ। ਜਦੋਂ ਤਿੰਨ ਬਾਹਰ ਡਿੱਗਦੀਆਂ ਹਨ, ਤਾਂ ਉਹ ਆਖਦਾ ਹੈ, "ਹੋਰ ਅੰਦਰ ਗਈਆਂ।" ਤੁਹਾਡੀ ਮਦਦ ਨਾਲ, ਤੁਹਾਡਾ ਬੱਚਾ ਕਿੰਨੀ ਚੰਗੀ ਤਰ੍ਹਾਂ ਸਾਰੀਆਂ ਨੂੰ ਗਿਣਦਾ ਹੈ ਜਾਂ ਇਹ ਪਤਾ ਲਗਾਉਣ ਲਈ ਗਿਣਤੀ ਕਰਦਾ ਹੈ (ਪਹਿਲਾਂ ਤੋਂ ਗਿਣੀ ਗਈ ਸੰਖਿਆ ਵਿੱਚ ਜੋੜਦੇ ਹੋਏ) ਕਿ ਉਹ ਕਿੰਨੀਆਂ ਹਨ? ਇਹ ਪਤਾ ਲਗਾਉਣ ਲਈ: ਬਿੰਦੀਆਂ ਵਾਲੇ ਕਾਰਡਾਂ ਦਾ ਸੈੱਟ ਬਣਾਓ, 1-10 ਤੱਕ ਹਰੇਕ ਸੰਖਿਆ ਲਈ ਇੱਕ। ਉਹਨਾਂ ਨੂੰ ਕਾਰਡ ਦੀ ਚੋਣ ਕਰਨ ਅਤੇ ਬਿੰਦੀਆਂ ਦੀ ਸੰਖਿਆ ਗਿਣਨ ਲਈ ਆਖੋ। ਦੂਜਾ ਕਾਰਡ ਚੁਣੋ ਅਤੇ ਆਖੋ, "ਮੈਨੂੰ ਦੱਸੋ ਕਿ ਸਾਡੇ ਦੋਵਾਂ ਕੋਲ ਕਿੰਨੀਆਂ ਬਿੰਦੀਆਂ ਹਨ। ਸਾਨੂੰ ਪਤਾ ਹੈ ਕਿ ਤੁਹਾਡੇ ਕਾਰਡ ਵਿੱਚ ਚਾਰ ਬਿੰਦੀਆਂ ਹਨ। ਉਹਨਾਂ ਨੂੰ ਦੁਬਾਰਾ ਗਿਣਨ ਦੀ ਬਜਾਏ, ਮੈਂ ਚਾਰ ਤੋਂ ਸ਼ੁਰੂ ਕਰਕੇ, ਆਪਣੀਆਂ ਬਿੰਦੀਆਂ ਨੂੰ ਤੁਹਾਡੀਆਂ ਵਿੱਚ ਜੋੜ ਰਿਹਾ ਹਾਂ। ਚਾਰ, ਪੰਜ, ਛੇ, ਸੱਤ। ਸਾਡੇ ਦੋਵਾਂ ਕੋਲ ਸੱਤ ਬਿੰਦੀਆਂ ਹਨ। ਹੁਣ ਤੁਸੀਂ ਵਾਰੀ ਲੈ ਸਕਦੇ ਹੋ।" |
| ਅੰਕੜਿਆਂ ਨੂੰ ਉਹਨਾਂ ਦੀ ਮਾਤਰਾ ਨਾਲ ਜੋੜਦਾ ਹੈ | ਤੁਹਾਡਾ ਬੱਚਾ ਕਿਹੜੀਆਂ ਸੰਖਿਆਵਾਂ ਨੂੰ ਪਛਾਣ ਕੇ ਉਹਨਾਂ ਦਾ ਨਾਮ ਦੱਸ ਸਕਦਾ ਹੈ? ਉਹ ਕਿੰਨੀ ਚੰਗੀ ਤਰ੍ਹਾਂ ਗਿਣੀਆਂ ਹੋਈਆਂ ਵਸਤਾਂ ਕੇ ਸੈੱਟ ਨੂੰ ਹਰੇਕ ਸੰਖਿਆ ਨਾਲ ਜੋੜ ਸਕਦਾ ਹੈ? ਇਹ ਪਤਾ ਲਗਾਉਣ ਲਈ: ਇੰਡੈਕਸ ਕਾਰਡ ਜਾਂ ਛੋਟੇ ਜਿਹੇ ਕਾਗਜ਼ ਤੇ 10 ਤੱਕ ਸੰਖਿਆਵਾਂ ਲਿਖੋ। ਉਹਨਾਂ ਨੂੰ ਬੇਤਰਤੀਬ ਕ੍ਰਮ ਵਿੱਚ ਮੇਜ਼ ਤੇ ਰੱਖੋ ਅਤੇ ਉਸਨੂੰ ਇੱਕ ਸੰਖਿਆ ਚੁਣਨ ਲਈ ਆਖੋ, ਜਿਸ ਬਾਰੇ *ਉਹ ਜਾਣਦਾ ਹੋਵੇ* ਅਤੇ ਤੁਹਾਨੂੰ ਦੱਸ ਸਕੇ ਕਿ ਉਹ ਕਿਹੜੀ ਸੰਖਿਆ ਹੈ। ਇਸਤੋਂ ਬਾਅਦ, ਉਸਨੂੰ ਛੋਟੀਆਂ ਵਸਤਾਂ ਦਾ ਸੰਗ੍ਰਹਿ ਦਿਖਾਓ (ਜਿਵੇਂ ਪੇਪਰ ਕਲਿੱਪਾਂ, ਬਟਨ ਜਾਂ ਬਲੌਕਸ)। ਆਖੋ, "ਹੁਣ, ਜਦੋਂ ਤੁਸੀਂ ਕਾਰਡ ਚੁਣਦੇ ਹੋ, ਤਾਂ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਕਿਹੜੀ ਸੰਖਿਆ ਹੈ ਅਤੇ ਫਿਰ ਗਿਣੋ ਕਿ ਇਸ ਦੇ ਨਾਲ ਕਿੰਨੇ [ਬਟਨ] ਹੋਣਗੇ।" |
| ਆਕ੍ਰਿਤੀਆਂ ਸਮਝਦਾ ਹੈ | ਕੀ ਤੁਹਾਡਾ ਬੱਚਾ ਦੋ-ਪਸਾਰੀ ਆਕ੍ਰਿਤੀਆਂ ਨੂੰ ਪਛਾਣ ਕੇ ਉਹਨਾਂ ਦਾ ਵਰਣਨ ਕਰ ਸਕਦਾ ਹੈ? ਉਦਾਹਰਨ ਲਈ, ਉਹ ਆਖਦਾ ਹੈ, "ਇਹ ਤ੍ਰਿਕੋਣ ਹੈ ਕਿਉਂਕਿ ਇਸਦੀਆਂ ਤਿੰਨ ਭੁਜਾਵਾਂ ਹਨ।" ਉਹ ਤਿੰਨ-ਪਸਾਰੀ ਆਕ੍ਰਿਤੀਆਂ ਨੂੰ ਪਛਾਣ ਕੇ ਉਹਨਾਂ ਦਾ ਵਰਣਨ ਕਰਨਾ ਸ਼ੁਰੂ ਕਰ ਰਿਹਾ ਹੈ, ਜਿਵੇਂ, "ਇਹ ਗੇਂਦ ਹੈ ਕਿਉਂਕਿ ਇਹ ਰਿੜ੍ਹਦੀ ਹੈ।" |